# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

**(ਵਜੀਫਾ ਸ਼ਾਖਾ)**

**ਵਿਸ਼ਾ:-** ਰਾਜ ਯੋਗਤਾ ਵਜੀਫਾ ਸਕੀਮ ਸਟੇਟ ਸਕਾਲਰਸ਼ਿਪ ਸਕੀਮ ਅਧੀਨ ਸਾਲ 2025 ਦੀਆਂ ਹਦਾਇਤਾਂ ਅਤੇ ਵਜੀਫਾ ਫਾਰਮ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡਾਇਰੈਕਟਰ,ਸਿੱਖਿਆ ਵਿਭਾਗ (ਕਾਲਜਾਂ) ਪੰਜਾਬ,ਐਸ.ਏ.ਐਸ.ਨਗਰ ਦੇ ਪੱਤਰ ਨੰ. 8/3-2011/ਸਕ3(2)/198 ਮਿਤੀ 11/05/2021 ਦੀਆਂ ਹਦਾਇਤਾਂ ਦੀ ਲੋਅ ਵਿੱਚ ਆਪ ਜੀ ਦੇ ਅਧੀਨ ਆਉਂਦੇ ਕਾਲਜਾਂ ਤੋਂ ਸਟੇਟ ਮੈਰਿਟ ਸਕਾਲਰਸ਼ਿਪ ਸਕੀਮ ਅਧੀਨ ਸਾਲ 2025 ਵਿੱਚ ਜਿਹੜੇ ਵਿਦਿਆਰਥੀਆਂ ਨੂੰ ਇਸ ਸਕੀਮ ਅਧੀਨ ਵਜੀਫਾ ਦਿੱਤਾ ਜਾਣਾ ਹੈ, ਉਹਨਾਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਭੇਜੇ ਜਾਣ। ਵਿਦਿਆਰਥੀਆਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਹੇਠ ਲਿਖੇ ਦਸਤਾਵੇਜ਼ ਇਨ੍ਹਾਂ ਫਾਰਮਾਂ ਨਾਲ ਅਟੈਚ ਕਰਕੇ ਮਿਤੀ 10/09/2025 ਤੱਕ ਭੇਜੇ ਜਾਣ।

## ਸਟੇਟ ਵਜੀਫੇ ਸਬੰਧੀ ਹਦਾਇਤਾਂ:-

1. ਫਾਰਮ ਭਰਨ ਤੋਂ ਪਹਿਲਾਂ ਸਟੇਟ ਵਜੀਫਾ ਫਾਰਮ ਦੇ ਪੇਜ ਨੰਬਰ 3-4 ਤੇ ਦਰਸਾਈਆਂ ਹਦਾਇਤਾਂ ਨੂੰ ਜਰੂਰ ਪੜ੍ਹਿਆ ਜਾਵੇ।
2. ਬਾਰ੍ਹਵੀਂ ਪਾਸ ਦੀ ਤਸਦੀਕ ਸ਼ੁਦਾ ਕਾਪੀ ਅਤੇ ਲਾਭ ਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੀ ਅਦਾਇਗੀ ਪਾਤਰੀਆਂ ਦੇ ਚੱਲਦੇ ਬੈਂਕ ਖਾਤੇ ਦੀ ਪਾਸ ਬੁਕ ਦੀ ਫੋਟੋ ਕਾਪੀ ਸਬੰਧਤ ਪ੍ਰਿੰਸੀਪਲ ਵੱਲੋਂ ਤਸਦੀਕ ਕਰਵਾ ਕੇ ਫਾਰਮ ਨਾਲ ਲਗਾ ਕੇ ਭੇਜੀ ਜਾਵੇ। ਬੈਂਕ ਖਾਤਾ ਬੰਦ ਹੋਣ ਦੀ ਸੁਰਤ ਵਿੱਚ ਸਮੂਹ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਦੀ ਹੋਵੇਗੀ।
3. Professional Course ਕਰਨ ਵਾਲੇ ਵਿਦਿਆਰਥੀ ਇਸ ਵਜੀਫੇ ਲਈ ਯੋਗ ਨਹੀਂ ਹੋਣਗੇ। ਜੇਕਰ ਵਿਦਿਆਰਥੀ ਕੋਈ ਹੋਰ ਵਜੀਫਾ ਸਕੀਮ ਦਾ ਲਾਭ ਲੈ ਰਿਹਾ ਹੈ ਤਾਂ ਉਹੋ ਸਟੇਟ ਵਜੀਫੇ ਲਈ ਹੱਕਦਾਰ ਨਹੀਂ ਹੋਵੇਗਾ, ਇੱਕ ਹੀ ਵਜੀਫੇ ਦਾ ਹੱਕਦਾਰ ਹੋਵੇਗਾ।
4. ਫਾਰਮ ਵਿੱਚ ਆਪਣਾ ਮੋਬਾਇਲ ਨੰਬਰ,ਈ-ਮੇਲ ਆਈ.ਡੀ. ਅਤੇ ਆਧਾਰ ਕਾਰਡ ਜਰੂਰ ਭਰਿਆ ਜਾਵੇ।

ਉਪਰੋਕਤ ਦਸਤਾਵੇਜ਼ ਦੇ ਬਗੈਰ ਮੈਰਿਟ ਸਕਾਲਰਸ਼ਿਪ ਸਕੀਮ ਅਧੀਨ ਕਲੇਮ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਅਧੂਰਾ ਫਾਰਮ ਭੇਜਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਦੀ ਹੋਵੇਗੀ।

**ਨੋਟ:-** ਸਟੇਟ ਵਜੀਫੇ ਸਬੰਧੀ ਫਾਰਮ ਬੋਰਡ ਦੀ ਵੈਬ-ਸਾਈਟ (www.pseb.ac.in/en) ਤੇ ਉਪਲੱਭਧ ਹਨ ।

Neeru Puri

ਸੁਪਰਡੰਟ (ਸਕਾਲਰਸ਼ਿਪ)
ਪੰਜਾਬ ਸਕੂਲ ਸਿੱਖਿਆ ਬੋਰਡ